

# ਲਾਜ਼ਮੀ ਸਕੂਲ ਹਾਜ਼ਰੀ

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ

ਤੁਹਾਡੇ ਬੱਚੇ ਵਾਸਤੇ ਸਿੱਖਿਆ ਮਹੱਤਵਪੂਰਨ ਹੈ ਅਤੇ ਸਕੂਲ ਵਿਖੇ ਬਕਾਇਦਾ ਹਾਜ਼ਰੀ ਤੁਹਾਡੇ ਬੱਚੇ ਵਾਸਤੇ ਅਤੀ ਜ਼ਰੂਰੀ ਹੈ ਤਾਂ ਜੋ ਉਹ ਸਰਵੋਤਮ ਵਿਦਿਆ ਪਾ ਸਕੇ ਅਤੇ ਆਪਣੇ ਕੈਰੀਅਰ (ਪੇਸ਼ੇ) ਅਤੇ ਜੀਵਨ ਦੇ ਵਿਕਲਪਾਂ ਵਿੱਚ ਵਾਧਾ ਕਰ ਸਕੇ। NSW ਦੇ ਸਰਕਾਰੀ ਸਕੂਲ ਮਾਪਿਆਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਬੱਚਿਆਂ ਅਤੇ ਨੌਜਵਾਨਾਂ ਦੀ ਬਕਾਇਦਾ ਹਾਜ਼ਰੀ ਨੂੰ ਉਤਸ਼ਾਹਤ ਕੀਤਾ ਜਾ ਸਕੇ ਅਤੇ ਇਸ ਵਿੱਚ ਸਹਿਯੋਗ ਕੀਤਾ ਜਾ ਸਕੇ। ਜਦੋਂ ਤੁਹਾਡਾ ਬੱਚਾ ਹਰ ਰੋਜ਼ ਸਕੂਲ ਜਾਂਦਾ ਹੈ, ਤਾਂ ਸਿੱਖਣਾ ਵਧੇਰੇ ਸੌਖਾ ਹੋ ਜਾਂਦਾ ਹੈ ਅਤੇ ਤੁਹਾਡਾ ਬੱਚਾ ਦੂਸਰਿਆਂ ਬੱਚਿਆਂ ਨਾਲ ਦੋਸਤੀਆਂ ਕਰੇਗਾ ਅਤੇ ਇਨ੍ਹਾਂ ਨੂੰ ਬਣਾਈ ਰੱਖੇਗਾ।

### ਮੇਰੀਆਂ ਕਾਨੂੰਨੀ ਜ਼ਿੰਮੇਵਾਰੀਆਂ ਕੀ ਹਨ?

ਨਿਊ ਸਾਊਥ ਵੇਲਜ਼ ਵਿੱਚ ਛੇ ਸਾਲਾਂ ਦੀ ਉਮਰ ਤੋਂ ਲੈ ਕੇ ਸਕੂਲ ਛੱਡਣ ਦੀ ਘੱਟੋ ਘੱਟ 17 ਸਾਲਾਂ ਦੀ ਉਮਰ ਦੇ ਵਿੱਚਕਾਰ ਬੱਚਿਆਂ ਵਾਸਤੇ ਸਿੱਖਿਆ ਲਾਜ਼ਮੀ ਹੈ। ਐਜੂਕੇਸ਼ਨ ਐਕਟ 1990 ਇਹ ਲੋੜਦਾ ਹੈ ਕਿ ਮਾਪੇ ਇਹ ਯਕੀਨੀ ਬਣਾਉਣ ਕਿ ਉਹਨਾਂ ਦੇ ਲਾਜ਼ਮੀ ਸਕੂਲੀ ਉਮਰ ਵਾਲੇ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲ ਕੀਤਾ ਜਾਂਦਾ ਹੈ, ਅਤੇ ਉਹ ਬਕਾਇਦਾ ਤੌਰ 'ਤੇ ਸਕੂਲ ਜਾਂਦੇ ਹਨ, ਜਾਂ, ਘਰੇਲੂ ਸਕੂਲੀ ਸਿੱਖਿਆ ਵਾਸਤੇ NSW ਐਜੂਕੇਸ਼ਨ ਸਟੈਂਡਰਡਜ਼ ਅਥਾਰਟੀ ਕੋਲ ਪੰਜੀਕਿਰਤ ਹਨ।

ਇਕ ਵਾਰ ਦਾਖ਼ਲ ਕੀਤੇ ਜਾਣ ਦੇ ਬਾਅਦ, ਬੱਚਿਆਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਹਰ ਉਸ ਦਿਨ ਨੂੰ ਸਕੂਲ ਜਾਣ ਜਿਸ ਦਿਨ ਇਹ ਵਿਦਿਆਰਥੀਆਂ ਵਾਸਤੇ ਖੁੱਲ੍ਹਾ ਹੁੰਦਾ ਹੈ।

### ਸਮੇਂ ਸਿਰ ਪਹੁੰਚਣ ਦੀ ਮਹੱਤਤਾ

ਸਕੂਲ ਅਤੇ ਜਮਾਤ ਵਿੱਚ ਸਮੇਂ ਸਿਰ ਪਹੁੰਚਣਾ:

- ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਦਿਨ ਦੇ ਸ਼ੁਰੂ ਵਿੱਚ ਨੀਯਤ ਮਹੱਤਵਪੂਰਨ ਸਿੱਖਣ ਦੀਆਂ ਗਤੀਵਿਧੀਆਂ ਤੋਂ ਖੁੰਝ ਨਾ ਜਾਣ
- ਵਿਦਿਆਰਥੀਆਂ ਨੂੰ ਸਮੇਂ ਦੇ ਪਾਬੰਦ ਹੋਣ ਅਤੇ ਨਿੱਤਨੇਮ ਦੀ ਮਹੱਤਤਾ ਨੂੰ ਸਿੱਖਣ ਵਿੱਚ ਮਦਦ ਕਰਦਾ ਹੈ
- ਵਿਦਿਆਰਥੀਆਂ ਨੂੰ ਜਮਾਤ ਤੋਂ ਪਹਿਲਾਂ ਆਪਣੇ ਦੋਸਤਾਂ ਨੂੰ ਹੈਲੋ ਕਹਿਣ ਲਈ ਸਮਾਂ ਦਿੰਦਾ ਹੈ
- ਜਮਾਤ ਦੇ ਕਮਰੇ ਵਿੱਚ ਵਿਘਨ ਨੂੰ ਘਟਾਉਂਦਾ ਹੈ।

ਦੇਰੀ ਨਾਲ ਆਉਣ ਨੂੰ ਅੰਸ਼ਕ ਗੈਰ-ਹਾਜ਼ਰੀ ਵਜੋਂ ਲਿਖਿਆ ਜਾਂਦਾ ਹੈ ਅਤੇ ਇਸ ਦਾ ਜਵਾਬ ਲਾਜ਼ਮੀ ਤੌਰ 'ਤੇ ਮਾਪਿਆਂ ਦੁਆਰਾ ਦਿੱਤਾ ਜਾਣਾ ਚਾਹੀਦਾ ਹੈ।

### ਜੇ ਮੇਰਾ ਬੱਚਾ ਸਕੂਲ ਤੋਂ ਗੈਰ ਹਾਜ਼ਰ ਹੁੰਦਾ ਹੈ ਤਾਂ ਕੀ ਹੋਵੇਗਾ?

ਕਈ ਵਾਰ, ਤੁਹਾਡੇ ਬੱਚੇ ਨੂੰ ਸਕੂਲ ਤੋਂ ਗੈਰਹਾਜ਼ਰ ਰਹਿਣ ਦੀ ਲੋੜ ਪੈ ਸਕਦੀ ਹੈ। ਵਿਦਿਆਰਥੀਆਂ ਦੀਆਂ ਗੈਰ-ਹਾਜ਼ਰੀਆਂ ਵਾਸਤੇ ਵਾਜਬ ਕਾਰਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਬਿਮਾਰ ਹੋਣਾ, ਜਾਂ ਕੋਈ ਛੂਤ ਦੀ ਬਿਮਾਰੀ ਹੋਣਾ
- ਨਾ ਬਦਲੀ ਜਾ ਸਕਣ ਵਾਲੀ ਡਾਕਟਰੀ ਮੁਲਾਕਾਤ ਦਾ ਹੋਣਾ
- ਕਿਸੇ ਮਾਨਤਾ ਪ੍ਰਾਪਤ ਧਾਰਮਿਕ ਛੁੱਟੀ 'ਤੇ ਹਾਜ਼ਰ ਹੋਣ ਲਈ ਜਾਣਾ
- ਵਿਸ਼ੇਸ਼ ਜਾਂ ਜ਼ਰੂਰੀ ਪਰਿਵਾਰਕ ਹਾਲਾਤ, ਜਿਵੇਂ ਕਿ ਕਿਸੇ ਅੰਤਿਮ-ਸੰਸਕਾਰ ਵਿੱਚ ਹਾਜ਼ਰੀ ਭਰਨਾ।

ਸਕੂਲ ਤੋਂ ਗੈਰ-ਹਾਜ਼ਰੀ ਦੇ ਬਾਅਦ, ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ 7 ਦਿਨਾਂ ਦੇ ਅੰਦਰ ਤੁਸੀਂ ਆਪਣੇ ਬੱਚੇ ਦੇ ਸਕੂਲ ਨੂੰ ਗੈਰ-ਹਾਜ਼ਰੀ ਵਾਸਤੇ ਜ਼ੁਬਾਨੀ ਜਾਂ ਲਿਖਤੀ ਸਪੱਸ਼ਟੀਕਰਨ ਪ੍ਰਦਾਨ ਕਰਵਾਉਂਦੇ ਹੋ। ਪਰ, ਜੇ ਸਕੂਲ ਨੂੰ 2 ਦਿਨਾਂ ਦੇ ਅੰਦਰ ਤੁਹਾਡੇ ਕੋਲੋਂ ਕੋਈ ਸਪੱਸ਼ਟੀਕਰਨ ਪ੍ਰਾਪਤ ਨਹੀਂ ਹੋਇਆ, ਤਾਂ ਸਕੂਲ ਗੈਰ-ਹਾਜ਼ਰੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

ਪ੍ਰਿੰਸੀਪਲ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਸਪੱਸ਼ਟੀਕਰਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਸਕਦੇ ਹਨ ਜੇ ਉਹ ਵਿਸ਼ਵਾਸ ਨਹੀਂ ਕਰਦੇ ਕਿ ਗੈਰਹਾਜ਼ਰੀ ਤੁਹਾਡੇ ਬੱਚੇ ਦੇ ਸਭ ਤੋਂ ਵਧੀਆ ਹਿੱਤ ਵਿੱਚ ਹੈ। ਇਹਨਾਂ ਹਾਲਾਤਾਂ ਵਿੱਚ ਤੁਹਾਡੇ ਬੱਚੇ ਦੀ ਗੈਰਹਾਜ਼ਰੀ ਨੂੰ ਨਾਜਾਇਜ਼ ਵਜੋਂ ਲਿਖਿਆ ਜਾਵੇਗਾ। ਜਦ ਅਜਿਹਾ ਵਾਪਰਦਾ ਹੈ, ਤਾਂ ਪ੍ਰਿੰਸੀਪਲ ਆਪਣੇ ਫ਼ੈਸਲੇ ਬਾਰੇ ਤੁਹਾਡੇ ਨਾਲ ਅਤੇ ਇਸ ਦੇ ਕਾਰਨਾਂ ਬਾਰੇ ਵਿਚਾਰ-ਵਟਾਂਦਰਾ ਕਰੇਗਾ/ਗੀ।

ਪ੍ਰਿੰਸੀਪਲ ਡਾਕਟਰੀ ਸਰਟੀਫਿਕੇਟਾਂ ਜਾਂ ਹੋਰ ਦਸਤਾਵੇਜ਼ਾਂ ਲਈ ਬੇਨਤੀ ਕਰ ਸਕਦੇ ਹਨ ਜਦੋਂ ਅਕਸਰ ਜਾਂ ਲੰਮੇ ਸਮੇਂ ਦੀਆਂ ਗੈਰਹਾਜ਼ਰੀਆਂ ਨੂੰ ਬਿਮਾਰੀ ਦੇ ਕਾਰਨ ਵਜੋਂ ਦਰਸਾਇਆ ਜਾਂਦਾ ਹੈ। ਤੁਹਾਡੇ ਬੱਚੇ ਦੀ ਸਹਾਇਤਾ ਕਰਨ ਲਈ ਸਹਿਯੋਗਕਾਰੀ ਤਰੀਕੇ ਨਾਲ ਸਿਹਤ ਸੰਭਾਲ ਯੋਜਨਾ ਵਿਕਸਤ ਕਰਨ ਲਈ ਜਾਣਕਾਰੀ ਹਾਸਲ ਕਰਨ ਲਈ ਪ੍ਰਿੰਸੀਪਲ ਡਾਕਟਰੀ ਮਾਹਰਾਂ ਨਾਲ ਗੱਲ ਕਰਨ ਲਈ ਮਾਪਿਆਂ ਦੀ ਆਗਿਆ ਵੀ ਮੰਗ ਸਕਦੇ ਹਨ। ਜੇ ਬੇਨਤੀ ਨੂੰ ਨਹੀਂ ਮੰਨਿਆ ਜਾਂਦਾ ਹੈ, ਤਾਂ ਪ੍ਰਿੰਸੀਪਲ ਗੈਰ-ਹਾਜ਼ਰੀਆਂ ਨੂੰ ਨਾਜਾਇਜ਼ ਵਜੋਂ ਲਿਖ ਸਕਦਾ/ਦੀ ਹੈ।

### ਯਾਤਰਾ

ਪਰਿਵਾਰਾਂ ਨੂੰ ਸਕੂਲੀ ਛੁੱਟੀਆਂ ਦੌਰਾਨ ਯਾਤਰਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਜੇ ਸਕੂਲ ਦੀ ਟਰਮ ਦੌਰਾਨ ਯਾਤਰਾ ਜ਼ਰੂਰੀ ਹੈ, ਤਾਂ ਇਸ ਬਾਰੇ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨਾਲ ਵਿਚਾਰ-ਵਟਾਂਦਰਾ ਕਰੋ। ਲੰਬੀ ਛੁੱਟੀ ਵਾਸਤੇ ਅਰਜ਼ੀ ਨੂੰ ਭਰਨ ਦੀ ਲੋੜ ਪੈ ਸਕਦੀ ਹੈ। ਯਾਤਰਾ ਨਾਲ ਸਬੰਧਿਤ ਗੈਰਹਾਜ਼ਰੀਆਂ ਨੂੰ ਹਾਜ਼ਰੀ ਦੇ ਰਜਿਸਟਰ ਵਿੱਚ ਛੁੱਟੀ ਵਜੋਂ ਲਿਖਿਆ ਜਾਵੇਗਾ ਅਤੇ ਇਸ ਕਰਕੇ ਇਹ ਉਸ ਸਾਲ ਵਾਸਤੇ ਤੁਹਾਡੇ ਬੱਚੇ ਦੀਆਂ ਕੁੱਲ ਗੈਰਹਾਜ਼ਰੀਆਂ ਵਿੱਚ ਗਿਣੀਆਂ ਜਾਣਗੀਆਂ ।

ਕੁਝ ਹਾਲਾਤਾਂ ਵਿੱਚ, ਵਿਦਿਆਰਥੀ 50 ਸਕੂਲੀ ਦਿਨਾਂ ਤੋਂ ਵੱਧ ਸਮੇਂ ਵਾਲੀਆਂ ਯਾਤਰਾਵਾਂ ਵਾਸਤੇ ਦੂਰੋਂ ਬੈਠ ਕੇ ਸਿੱਖਣ (ਡਿਸਟੈਂਸ ਐਜੂਕੇਸ਼ਨ) ਵਿੱਚ ਦਾਖਲਾ ਲੈਣ ਦੇ ਯੋਗ ਹੋ ਸਕਦੇ ਹਨ। ਇਸ ਬਾਰੇ ਤੁਹਾਡੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਨਾਲ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ।

## ਮੇਰਾ ਬੱਚਾ ਸਕੂਲ ਨਹੀਂ ਜਾਵੇਗਾ, ਮੈਨੂੰ ਕੀ ਕਰਨਾ ਚਾਹੀਦਾ ਹੈ?

ਮਸਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਅਤੇ ਮਦਦ ਵਾਸਤੇ ਪੁੱਛਣ ਲਈ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਵੇ ਪ੍ਰਿੰਸੀਪਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਜ਼ਰੀ ਵਿੱਚ ਸੁਧਾਰ ਕਰਨ ਵਿੱਚ ਮਦਦ ਲੈਣ ਲਈ ਰਣਨੀਤੀਆਂ ਵਿੱਚ ਸ਼ਾਮਲ ਹੋ ਸਕਦੇ ਹਨ, ਸਕੂਲ ਦੀ ਸਿੱਖਣ ਅਤੇ ਸਹਾਇਤਾ ਟੀਮ ਕੋਲ ਸਿਫਾਰਸ਼ ਜਾਂ ਤੁਹਾਡੇ ਬੱਚੇ ਨੂੰ ਉਚਿਤ ਸਹਾਇਤਾ ਨੈੱਟਵਰਕਾਂ ਦੇ ਨਾਲ ਜੋੜਨਾ। ਹਾਜ਼ਰੀ ਸੁਧਾਰ ਯੋਜਨਾ ਦਾ ਵਿਕਾਸ ਕਰਨ ਲਈ ਪ੍ਰਿੰਸੀਪਲ, ਹੋਮ ਸਕੂਲ ਤਾਲਮੇਲ ਪ੍ਰੋਗਰਾਮ ਕੋਲੋਂ ਅਗਲੇਰੀ ਸਹਾਇਤਾ ਮੰਗ ਸਕਦਾ/ਦੀ ਹੈ।

## ਜੇ ਮੇਰੇ ਬੱਚੇ ਦੀਆਂ ਨਾ ਮੰਨਣ ਯੋਗ ਗੈਰਹਾਜ਼ਰੀਆਂ ਜਾਰੀ ਰਹਿੰਦੀਆਂ ਹਨ ਤਾਂ ਕੀ ਹੋ ਸਕਦਾ ਹੈ?

ਇਹ ਸਮਝਣਾ ਮਹੱਤਵਪੂਰਨ ਹੈ ਕਿ ਸਿੱਖਿਆ ਵਿਭਾਗ ਨੂੰ ਅਗਲੇਰੀ ਕਾਰਵਾਈ ਕਰਨ ਦੀ ਲੋੜ ਪੈ ਸਕਦੀ ਹੈ ਜਿੱਥੇ ਸਕੂਲ ਦੀ ਲਾਜ਼ਮੀ ਉਮਰ ਵਾਲੇ ਬੱਚੇ ਸਕੂਲ ਤੋਂ ਵਾਰ ਵਾਰ ਵੱਡੀ ਗਿਣਤੀ ਵਿੱਚ ਅਸਪੱਸ਼ਟ ਕਾਰਨਾਂ ਕਰਕੇ ਜਾਂ ਨਜਾਇਜ਼ ਗੈਰਹਾਜ਼ਰ ਰਹਿੰਦੇ ਹਨ।

ਹੇਠ ਲਿਖੀਆਂ ਵਿੱਚੋਂ ਕੁਝ ਕੁ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ:

- ਲਾਜ਼ਮੀ ਸਕੂਲੀ ਸਿੱਖਿਆ ਕਾਨਫਰੰਸਾਂ

ਤੁਹਾਨੂੰ, ਆਪਣੇ ਬੱਚੇ ਦੇ ਨਾਲ, ਲਾਜ਼ਮੀ ਸਕੂਲ ਵਾਲੀ ਕਾਨਫਰੰਸ ਵਿੱਚ ਹਾਜ਼ਰ ਹੋਣ ਲਈ ਕਿਹਾ ਜਾ ਸਕਦਾ ਹੈ। ਕਾਨਫਰੰਸ ਉਹਨਾਂ ਸਹਾਇਤਾਵਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰੇਗੀ ਜਿੰਨ੍ਹਾਂ ਦੀ ਤੁਹਾਡੇ ਬੱਚੇ ਨੂੰ ਲੋੜ ਪੈ ਸਕਦੀ ਹੈ ਤਾਂ ਜੋ ਉਹ ਬਕਾਇਦਾ ਸਕੂਲ ਜਾਣ। ਸਕੂਲ ਵਿਖੇ ਤੁਹਾਡੇ ਬੱਚੇ ਦੀ ਹਾਜ਼ਰੀ ਵਿੱਚ ਸਹਾਇਤਾ ਕਰਨ ਲਈ ਸਕੂਲ, ਮਾਪੇ ਅਤੇ ਅਦਾਰੇ ਸਹਿਮਤ ਹੋਈ ਯੋਜਨਾ (ਜਿੰਨ੍ਹਾਂ ਨੂੰ ਵਚਨ ਦੇਣ (ਅੰਡਰਟੇਕਿੰਗਜ਼) ਵਜੋਂ ਜਾਣਿਆ ਜਾਂਦਾ ਹੈ) ਦਾ ਵਿਕਾਸ ਕਰਨ ਲਈ ਰਲ ਕੇ ਕੰਮ ਕਰਨਗੇ।

- ਬੱਚਿਆਂ ਦੀ ਅਦਾਲਤ ਵਿੱਚ ਅਰਜ਼ੀ - ਲਾਜ਼ਮੀ ਸਕੂਲੀ ਸਿੱਖਿਆ ਦਾ ਆਦੇਸ਼

ਜੇ ਸਕੂਲ ਵਿਖੇ ਤੁਹਾਡੇ ਬੱਚੇ ਦੀ ਹਾਜ਼ਰੀ ਤਸੱਲੀਬਖਸ਼ ਨਹੀਂ ਰਹਿੰਦੀ ਹੈ ਤਾਂ ਵਿਭਾਗ ਲਾਜ਼ਮੀ ਸਕੂਲੀ ਸਿੱਖਿਆ ਆਦੇਸ਼ ਵਾਸਤੇ ਬਾਲ ਅਦਾਲਤ ਨੂੰ ਅਰਜ਼ੀ ਦੇ ਸਕਦਾ ਹੈ। ਬਾਲ ਅਦਾਲਤ ਦਾ ਮੈਜਿਸਟ੍ਰੇਟ ਲਾਜ਼ਮੀ ਸਕੂਲੀ ਸਿੱਖਿਆ ਕਾਨਫਰੰਸ ਬੁਲਾਉਣ ਦਾ ਆਦੇਸ਼ ਦੇ ਸਕਦਾ ਹੈ।

- ਸਥਾਨਕ ਅਦਾਲਤ ਵਿੱਚ ਮੁਕੱਦਮਾ ਚਲਾਉਣਾ

ਸਕੂਲ ਅਤੇ ਵਿਭਾਗ ਦਾ ਅਮਲਾ ਉਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਭਾਈਵਾਲੀ ਵਿੱਚ ਕੰਮ ਕਰਨ ਲਈ ਦ੍ਰਿੜ ਸੰਕਲਪ ਹਨ, ਜੋ ਸਕੂਲ ਵਿਖੇ ਤੁਹਾਡੇ ਬੱਚੇ ਦੀ ਸੰਪੂਰਨ ਹਿੱਸੇਦਾਰੀ ਨੂੰ ਰੋਕ ਰਹੇ ਹਨ। ਉਹਨਾਂ ਹਾਲਾਤਾਂ ਵਿੱਚ ਜਿੱਥੇ ਲਾਜ਼ਮੀ ਸਕੂਲੀ ਸਿੱਖਿਆ ਦੇ ਆਦੇਸ਼ਾਂ ਦੀ ਉਲੰਘਣਾ ਵਾਪਰਦੀ ਹੈ, ਸਥਾਨਕ ਅਦਾਲਤ ਵਿੱਚ ਕਿਸੇ ਮਾਪੇ ਦੇ ਖਿਲਾਫ ਅਗਲੇਰੀ ਕਾਰਵਾਈ ਕੀਤੀ ਜਾ ਸਕਦੀ ਹੈ। ਅਦਾਲਤੀ ਕਾਰਵਾਈ ਦਾ ਨਤੀਜਾ ਭਾਈਚਾਰਕ ਸੇਵਾ ਵਾਲਾ ਆਦੇਸ਼ ਜਾਂ ਜੁਰਮਾਨਾ ਹੋ ਸਕਦਾ ਹੈ।

## ਮੇਰਾ ਬੱਚਾ ਕਿਸ ਉਮਰ ਵਿੱਚ ਸਕੂਲ ਛੱਡ ਸਕਦਾ ਹੈ?

ਨਿਊ ਸਾਊਥ ਵੇਲਜ਼ ਦੇ ਸਾਰੇ ਵਿਦਿਆਰਥੀਆਂ ਵਾਸਤੇ 10ਵੀਂ ਜਮਾਤ ਜਾਂ ਇਸ ਦੇ ਬਰਾਬਰ ਦੀ ਯੋਗਤਾ ਨੂੰ ਪੂਰਾ ਕਰਨਾ ਲਾਜ਼ਮੀ ਹੈ। 10ਵੀਂ ਜਮਾਤ ਦੇ ਬਾਅਦ, ਅਤੇ ਜਦ ਤੱਕ ਉਹ 17 ਸਾਲਾਂ ਦੀ ਉਮਰ ਤੱਕ ਨਹੀਂ ਪਹੁੰਚ ਜਾਂਦੇ, ਵਿਦਿਆਰਥੀਆਂ ਵਾਸਤੇ ਆਪਣੀ ਸਕੂਲੀ ਸਿੱਖਿਆ ਪੂਰੀ ਕਰਨ ਲਈ ਕਈ ਤਰ੍ਹਾਂ ਦੇ ਲਚਕਦਾਰ ਵਿਕਲਪ ਹਨ।

## ਭਾਈਵਾਲੀ ਵਿੱਚ ਕੰਮ ਕਰਨਾ

NSW ਦਾ ਸਿੱਖਿਆ ਵਿਭਾਗ ਇਹ ਸਮਝਦਾ ਹੈ ਕਿ ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਨਾਲ ਤਾਲਮੇਲ ਕਰਕੇ ਕੰਮ ਕਰਨਾ ਸਕੂਲ ਵਿਖੇ ਵਿਦਿਆਰਥੀਆਂ ਦੀ ਬਕਾਇਦਾ ਹਾਜ਼ਰੀ ਵਿੱਚ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

ਤੁਹਾਡੇ ਬੱਚੇ ਦੇ ਜੀਵਨ ਵਿੱਚਲੇ ਮੌਕਿਆਂ ਦੀ ਪੂਰਤੀ ਕਰਨ ਵਿੱਚ ਸਹਾਇਤਾ ਕਰਨ ਲਈ ਸਾਨੂੰ ਤੁਹਾਡੇ ਨਾਲ ਭਾਈਵਾਲੀ ਵਿੱਚ ਕੰਮ ਕਰਨ ਦੀ ਉਤਸੁਕਤਾ ਨਾਲ ਉਡੀਕ ਹੈ।

## ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ। ਜੇ ਸਕੂਲ ਨਾਲ ਸੰਪਰਕ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ। ਉਹਨਾਂ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ ਅਤੇ ਔਪਰੇਟਰ ਨੂੰ ਸਕੂਲ ਨੂੰ ਫ਼ੋਨ ਕਰਨ ਲਈ ਕਹੋ। ਤੁਹਾਡੀ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਔਪਰੇਟਰ ਦੁਭਾਸ਼ੀਆ ਨੂੰ ਲਾਈਨ 'ਤੇ ਲੈ ਕੇ ਆਵੇਗਾ। ਇਸ ਸੇਵਾ ਵਾਸਤੇ ਤੁਹਾਥੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।